National Research Journal of Social Sciences
Volume-11, Issue-1, January-June 2026
PP: 117-120

ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਮਨੁੱਖਤਾ ਨੂੰ ਸੰਦੇਸ਼

ਕਮਲਪ੍ਰੀਤ ਕੌਰ

ਸਹਾਇਕ ਪ੍ਰੋਫ਼ੈਸਰ
ਸਰਸਵਤੀ ਕਾਲਜ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ

**ਸਾਰ:**

ਸ੍ਰੀ ਗੁਰੂ ਤੇਗ਼ ਬਹਾਦਰ ਜੀ ਸਿੱਖ ਧਰਮ ਦੇ ਨੌਵੇਂ ਗੁਰੂ ਦੇ ਰੂਪ ਵਿੱਚ ਉਪਸਥਿਤ ਹਨ। ਇਹ ਗੁਰੂ ਨਾਨਕ ਦੇਵ ਜੀ ਦੇ ਵੰਸ਼ ਤੋਂ ਹਨ ਅਤੇ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਛੋਟੇ ਪੁੱਤਰ ਸਨ। ਸਿੱਖ ਧਰਮ ਦੇ ਵਿੱਚ ਇਹ ਗੁਰੂ ਜੀ ਨੂੰ "ਹਿੰਮਤ ਦੇ ਸਰੋਤ' ਮੰਨਿਆ ਜਾਂਦਾ ਹੈ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਵਿਅਕਤਿਤਵ ਬਹੁਮੁਖੀ ਅਤੇ ਵਿਲੱਖਣ ਸੀ। ਇਹਨਾਂ ਦੀ ਸ਼ਖ਼ਸੀਅਤ ਵਿੱਚ ਪੂਰਨ ਗੁਰੂ ਦੇ ਰੂਪ ਵਿੱਚ ਸਿੱਖਾਂ ਨੂੰ ਸੰਗਠਿਤ ਅਤੇ ਸ਼ਕਤੀਸ਼ਾਲੀ ਬਣਾਇਆ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਬਹੁਤ ਵੀ ਮਹਾਨ ਯੋਧੇ, ਮਜ਼ਬੂਤ ਵਿਅਕਤੀ ਅਤੇ ਉੱਚ ਸਿੱਖਿਆ ਵਾਲੇ ਸਨ। ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਉਨ੍ਹਾਂ ਅਤੇ ਸ਼ਸਤਰ ਅਤੇ ਸ਼ਾਸਤਰ ਦੀ ਸਿੱਖਿਆ ਪ੍ਰਾਪਤ ਕੀਤੀ। ਬਚਪਨ ਤੋਂ ਹੀ ਗੁਰੂ ਜੀ ਧਿਆਨ, ਸਿਮਰਨ ਅਤੇ ਆਤਮਿਕ ਸ਼ਾਂਤੀ ਵਾਲਾ ਜੀਵਨ ਜਿਉਂਦੇ ਸਨ। ਨੌਵੇਂ ਗੁਰੂ ਜੀ ਦੀ ਬਾਣੀ ਸਾਨੂੰ ਵਾਸਤਵਿਕ ਮਾਨਵਤਾ ਦਾ ਪਾਠ ਪੜ੍ਹਾਉਂਦੀ ਹੋਈ ਧਰਮ ਹਿੱਤ ਸ਼ੁਭ ਕਰਮ ਕਰਨ ਦੇ ਲਈ ਉਤਸ਼ਾਹਿਤ ਕਰਦੀ ਹੈ। ਗੁਰੂ ਜੀ ਨੇ ਲੋਕਾਂ ਦੀ ਭਲਾਈ ਲਈ ਬਹੁਤ ਯਾਤਰਾਵਾਂ ਕੀਤੀਆਂ। ਉਹ ਲੋਕਾਂ ਨੂੰ ਧਰਮ, ਨੇਕੀ, ਸੱਚਾਈ ਅਤੇ ਰੱਬ ਨਾਲ ਜੁੜਨ ਦੀ ਸਿੱਖਿਆ ਦਿੰਦੇ ਸਨ। ਉਹ ਕਹਿੰਦੇ ਸਨ ਕਿ ਮਨੁੱਖ ਦੇ ਸੁਚੱਜੇ ਕਰਮ ਸਭ ਤੋਂ ਵੱਡੀ ਪੂੰਜੀ ਹੈ।

**ਮੁੱਖ ਸ਼ਬਦ–** ਗੁਰਮਤਿ ਵਿਚਾਰਧਾਰਕ, ਵਿਦਵਾਨ ਅਤੇ ਪ੍ਰਚਾਰਕ, ਅਸਲੀ ਗੁਰੁ ਦੀ ਪਹਿਚਾਣ, ਕਸ਼ਮੀਰੀ ਪੰਡਿਤਾਂ ਦੀ ਬੇਨਤੀ, ਗੁਰੁ ਜੀ ਦੀ ਸ਼ਹਾਦਤ।

**ਭੂਮਿਕਾ:**

ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਜਨਮ 1 ਅਪ੍ਰੈਲ 1621 ਨੂੰ ਅੰਮ੍ਰਿਤਸਰ ਵਿੱਚ ਹੋਇਆ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਬਾਰ ਵਿੱਚ ਬਹੁਤ ਸਾਰੇ ਗਿਆਨੀ ਤੇ ਬਹਾਦਰ ਸਿੰਘ ਸਨ ਜਿਵੇਂ ਕਿ ਭਾਈ ਜੀਤੋ, ਭਾਈ ਤਾਰਾ ਸਿੰਘ, ਭਾਈ ਗੁਰਬਖਸ਼ ਸਿੰਘ ਆਦਿ। ਇਹ ਸਭ ਗੁਰੂ ਜੀ ਦੇ ਬਚਪਨ ਵਾਲੇ ਦੋਸਤ ਤੇ ਸਾਥੀ ਸਨ। ਜਦੋਂ ਗੁਰੂ ਜੀ ਦਾ ਜਨਮ ਹੋਇਆ ਉਸ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਮਾਂ ਸੀ। ਉਹਨਾਂ ਦੇ ਸਿੱਖ ਧਰਮ ਨੂੰ ਮਜ਼ਬੂਤ ਬਣਾਉਣ ਲਈ "ਮੀਰੀ-ਪੀਰੀ" ਦਾ ਸਿਧਾਂਤ ਦਿੱਤਾ, ਜਿਸਦੇ ਤਹਿਤ ਇੱਕ ਹੱਥ ਵਿੱਚ ਤਲਵਾਰ, ਇੱਕ ਹੱਥ 'ਚ ਅਧਿਆਤਮਿਕਤਾ ਦੇ ਰਾਹ ਨੂੰ ਦਿਆਖਿਆ। ਉਸ ਸਮੇਂ ਪੰਜਾਬ ਦੇ ਵਿੱਚ ਬਾਬਰ, ਹਿਮਾਯੂੰ, ਅਕਬਰ, ਜਹਾਂਗੀਰ ਅਤੇ ਸ਼ਾਹਜਹਾਂ ਵਰਗੇ ਬਾਦਸ਼ਾਹ ਸ਼ਾਸ਼ਨ ਕਰ ਰਹੇ ਸਨ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੀ ਸ਼ਕਤੀ ਦੇ ਸੂਰਮੇਪਣ ਦੇ ਨਾਲ ਸਿੱਖਾ ਨੂੰ ਮਜ਼ਬੂਤ ਤੇ ਨਿਰਭਉ ਬਣਾਇਆ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਬਚਪਨ ਤੋਂ ਹੀ ਧਾਰਮਿਕ ਅਤੇ ਸ਼ਾਂਤੀ ਸੁਭਾਅ ਵਾਲੇ ਸਨ, ਉਹ ਮਾਤਾ ਨਾਨਕੀ ਜੀ ਦੇ ਲਾਡਲੇ ਪੁੱਤਰ ਸਨ ਅਤੇ ਬਚਪਨ ਦੇ ਵਿੱਚ ਉਹਨਾਂ ਨੇ ਧਿਆਨ, ਸਿਮਰਨ, ਸ਼ਸ਼ਤਰ ਵਿੱਦਿਆ ਤੇ ਅੱਖਰ ਗਿਆਨ ਸਿੱਖਿਆ। ਬਚਪਨ ਦੇ ਵਿੱਚ ਉਹ ਬਹੁਤ ਹੀ ਨਿਰਭੀਕ ਸਨ ਅਤੇ ਕਿਸੇ ਤੋਂ ਨਹੀਂ ਡਰਦੇ ਸਨ। ਇਕ ਵਾਰ ਉਹਨਾ ਨੇ ਸ਼ੇਰ ਨੂੰ ਮਾਰ ਕੇ ਲੋਕਾਂ ਨੂੰ ਬਚਾਇਆ ਸੀ। ਸ੍ਰੀ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਪੁੱਤਰ ਤੇਗ਼ ਬਹਾਦਰ ਨੂੰ ਬਚਪਨ ਤੋਂ ਹੀ ਯੋਧਾ ਅਤੇ ਧਾਰਮਿਕ ਬਣਾਇਆ। ਇੱਕ ਵਾਰ ਜੰਗ ਦੇ ਦੌਰਾਨ ਗੁਰੂ ਹਰਿਗੋਬਿੰਦ ਜੀ ਨੇ ਤੇਗ਼ ਬਹਾਦਰ ਨੂੰ ਕਿਹਾ:

"ਤੇਰਾ ਤਲਵਾਰ ਚਲਾਉਣ ਦਾ ਢੰਗ ਬਹਾਦਰ ਬੰਦੇ ਵਾਂਗ ਹੈ"

ਇਸ ਦਿਨ ਤੋਂ ਬਾਅਦ ਉਹਨਾਂ ਦਾ ਨਾਮ ਤੇਗ਼ ਬਹਾਦਰ ਪੈ ਗਿਆ ਸੀ। ਗੁਰੂ ਜੀ ਦੀ ਹਿੰਮਤ, ਧਿਆਨ, ਸਿਮਰਨ ਅਤੇ ਲੋਕਾਂ ਦੀ ਸਹਾਇਤਾ ਕਰਨ ਵਾਲੀ ਸੋਚ ਨੇ ਉਹਨਾਂ ਨੂੰ ਬੜਾ ਨੇਤਾ ਬਣਾਇਆ। ਗੁਰੂ ਤੇਗ਼ ਬਹਾਦਰ ਜੀ ਹਮੇਸ਼ਾ ਕਹਿੰਦੇ ਸਨ "ਮਨੁੱਖ ਦੀ ਸਚਾਈ, ਨਿਮਰਤਾ ਅਤੇ ਕਰਮ ਸਭ ਤੋਂ ਵੱਡਾ ਧਰਮ ਹੈ, ਗੁਰੂ ਜੀ ਕਹਿੰਦੇ ਸਨ ਜਿਹੜਾ ਮਨੁੱਖ ਦੂਜਿਆਂ ਲਈ ਜਿਉਣਾ ਸਿੱਖ ਲੈਂਦਾ ਹੈ ਉਹ ਹੀ ਸੱਚਾ ਮਨੁੱਖ ਹੈ।

ਗੁਰੂ ਜੀ ਨੂੰ "ਤੇਗ਼ ਬਹਾਦਰ" ਨਾਮ 13 ਸਾਲ ਦੀ ਉਮਰ ਦੇ ਵਿੱਚ ਮਿਲਿਆ ਕਿਉਂਕਿ ਉਹ ਬਹੁਤ ਬਹਾਦਰ ਸਨ। 1668 ਈ. ਵਿੱਚ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਗੁਰੂ ਤੇਗ਼ ਬਹਾਦਰ ਜੀ ਨੂੰ ਸਿੱਖਾਂ ਦਾ ਗੁਰੂ ਬਣਾਇਆ ਗਿਆ। 1668 ਈ. ਤੋਂ 1675 ਈ. ਤੱਕ ਗੁਰੂ ਜੀ ਨੇ ਬਹੁਤ ਸਾਰੇ ਇਲਾਕਿਆਂ ਦੀਆਂ ਯਾਤਰਾਵਾਂ ਕੀਤੀਆਂ ਅਤੇ ਲੋਕਾਂ ਨੂੰ ਧਰਮ ਦੇ ਸਹੀ ਰਾਹ ਤੇ ਪਾਇਆ। 1675 ਈ. ਦੇ ਵਿੱਚ ਗੁਰੂ ਜੀ ਨੇ ਹਿੰਦੂਆਂ ਅਤੇ ਸਿੱਖ ਧਰਮ ਦੀ ਰੱਖਿਆ ਲਈ ਆਪਣੇ ਜੀਵਨ ਦੀ ਕੁਰਬਾਨੀ ਦਿੱਤੀ। ਜਿਸ ਕਰਕੇ ਉਹਨਾਂ ਨੂੰ "ਹਿੰਦ ਦੀ ਚਾਦਰ" ਵੀ ਕਿਹਾ ਜਾਂਦਾ ਹੈ।

**ਗੁਰਮਤਿ ਵਿਚਾਰਧਾਰਕ, ਵਿਦਵਾਨ ਅਤੇ ਪ੍ਰਚਾਰਕ:** ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਲੋਕਾਂ ਨੂੰ ਹੌਸਲਾ ਦਿੱਤਾ ਕਿ ਉਹ ਸੱਚ ਦੇ ਰਾਹ ਤੇ ਚੱਲਣ ਅਤੇ ਕਿਸੇ ਤੋਂ ਨਾ ਡਰਨ। ਇਹ ਸਾਰਾ ਜੀਵਨ ਸੰਘਰਸ਼ ਗੁਰੂ ਜੀ ਨੇ ਸੱਚ, ਹਿੰਮਤ, ਨਿਰਭਉਤਾ ਅਤੇ ਧਰਮ ਦੀ ਰੱਖਿਆ ਲਈ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਕੀਤਾ। ਗੁਰੂ ਦੇਵ ਦੇ ਵਿਅਕਤਿਤਵ ਦੀ ਇਕ ਹੋਰ ਵਿਸ਼ੇਸ਼ਤਾ ਅਤੇ ਗੁਣ ਗ੍ਰਾਹਕਤਾ ਸੀ। ਇਨ੍ਹਾਂ ਨੇ ਬਿਨਾਂ ਕਿਸੇ ਝਿਜਕ ਦੇ ਹਿੰਦੂ ਧਰਮ ਦੇ ਮਹਾਂਪੁਰਸ਼ਾਂ ਦੇ ਉਲੇਖ ਆਪਣੀ ਬਾਣੀ ਵਿੱਚ ਕੀਤਾ। ਗੁਰੂ ਜੀ ਦੀ ਮਾਤ-ਭਾਸ਼ਾ ਪੰਜਾਬੀ ਸੀ ਪਰੰਤੂ ਇਨ੍ਹਾਂ ਨੇ ਆਪਣੇ ਵਿਚਾਰਾਂ ਨੂੰ ਵਿਆਪਕਤਾ ਪ੍ਰਦਾਨ ਕਰਨ ਦੇ ਲਈ ਹਿੰਦੀ ਭਾਸ਼ਾ ਦਾ ਵੀ ਪ੍ਰਯੋਗ ਕੀਤਾ। ਸ੍ਰੀ ਗੁਰੂ ਵਿਅਕਤਿਤਵ ਵਿੱਚ ਸਹਿਣਸ਼ੀਲਤਾ ਅਤੇ ਤਿਆਗ ਦੇ ਗੁਣ ਦੇ ਵਿਦਵਾਨ ਸਨ।

ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸਾਰੀ ਬਾਣੀ ਵੈਰਾਗਮਈ ਹੈ। ਉਨ੍ਹਾਂ ਲਈ ਸੁੱਖ-ਦੁੱਖ, ਮਾਨ-ਅਪਮਾਨ, ਉਸਤਤਿ-ਨਿੰਦਾ, ਮਿੱਤਰ-ਵੈਰੀ, ਸੋਨਾ-ਲੋਹਾ ਇੱਕ ਸਮਾਨ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਕਿਸੇ ਨੂੰ ਨਾ ਡਰਾਓ ਤੇ ਨਾ ਕਿਸੇ ਕੋਲੋ ਡਰੋ:

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥

ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥੧੬॥ [1]

ਉਹ ਇਸ ਸੰਸਾਰ ਨੂੰ ਪਾਣੀ ਦੇ ਬੁਲਬੁਲੇ ਦੀ ਤਰ੍ਹਾਂ ਸਮਝਦੇ ਸਨ ਤੇ ਮਨੁੱਖ ਨੂੰ ਪ੍ਰਭੂ ਦੀ ਬੰਦਗੀ ਕਰਨ ਦਾ ਉਪਦੇਸ਼ ਦਿੰਦੇ ਸਨ ਤੇ 'ਨਾਮ' ਨੂੰ ਆਪਣੀ ਜ਼ਿੰਦਗੀ ਦਾ ਆਸਰਾ ਬਣਾਉਣ ਲਈ ਕਹਿੰਦੇ ਜਿਵੇਂ ਮੱਛੀ ਨੂੰ ਜਲ ਦਾ ਹੀ ਆਸਰਾ ਹੁੰਦਾ ਹੈ ਤੇ ਉਸ ਬਗ਼ੈਰ ਉਹ ਮਰ ਜਾਂਦੀ ਹੈ। ਕੋਈ ਵੀ ਸੱਚਾ ਸਾਥੀ ਨਹੀਂ ਹੁੰਦਾ – ਨਾ ਧਨ, ਨਾ ਜਾਇਦਾਦ ਤੇ ਨਾ ਹੀ ਇਸਤਰੀ ਆਦਿ। ਗੁਰੂ ਸਾਹਿਬ ਦੇ ਸਲੋਕਾਂ ਤੋਂ ਇਨ੍ਹਾਂ ਗੱਲਾਂ ਦਾ ਗਿਆਨ ਭਲੀਭਾਂਤ ਹੋ ਜਾਂਦਾ ਹੈ:

ਗੁਰ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ॥

ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ॥੧॥ [2]

ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ॥

ਇਨ ਮੈ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ॥੫॥ [3]

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥

ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥੨੫॥

### ਅਸਲੀ ਗੁਰੂ ਦੀ ਪਹਿਚਾਣ:

ਬਾਬਾ ਮੱਖਣ ਸ਼ਾਹ ਲੁਬਾਣਾ ਇੱਕ ਵਾਰ ਸਮੁੰਦਰੀ ਸਫ਼ਰ ਦੌਰਾਨ ਆਪਣੇ ਜਹਾਜ ਨੂੰ ਤੂਫਾਨ ਦੇ ਵਿੱਚ ਫਸਿਆ ਦੇਖ ਕੇ ਅਰਦਾਸ ਕਰਦੇ ਹਨ ਕਿ ਜੇ ਉਨ੍ਹਾਂ ਦਾ ਜਹਾਜ ਬੱਚ ਗਿਆ ਤਾ ਉਹ ਗੁਰੂ ਜੀ ਦੇ ਦਰ ਤੇ 500 ਮੋਹਰਾ ਚੜ੍ਹਾਵੇਗਾ। ਜਹਾਜ ਬੱਚ ਜਾਣ ਤੋਂ ਬਾਅਦ ਉਹ ਗੁਰੂ ਦੀ ਤਲਾਸ਼ ਦੇ ਵਿੱਚ ਨਿਕਲ ਪਏ। ਮੱਖਣ ਸ਼ਾਹ ਨੂੰ ਬਹੁਤ ਸਾਰੇ ਗੁਰੂ ਬਣੇ ਨਜ਼ਰ ਆਏ ਤੇ ਉਹ ਗੁਰੂ ਦੇ ਪਛਾਣ ਦੇ ਵਿੱਚ ਸਭ ਦੇ ਅੱਗੇ 5-5 ਮੋਹਰਾ ਚੜ੍ਹਾਉਣ ਲੱਗ ਪਿਆ, ਕੋਈ ਕੁੱਝ ਨਾ ਬੋਲਿਆ। ਜਦੋਂ ਮੱਖਣ ਸ਼ਾਹ ਗੁਰੂ ਤੇਗ਼ ਬਹਾਦਰ ਜੀ ਕੋਲ ਪਹੁੰਚੇ ਤਾਂ ਗੁਰੂ ਜੀ ਨੇ ਤੁਰੰਤ ਆਖ ਦਿੱਤਾ ਕਿ ਗੱਲ ਤੇ 500 ਮੋਹਰਾਂ ਦੀ ਹੋਈ ਸੀ, ਇਹ ਸੁਣ ਕੇ ਮੱਖਣ ਸ਼ਾਹ ਬਹੁਤ ਖੁਸ਼ ਹੋਇਆ ਤੇ ਉਸ ਨੇ ਕਿਹਾ ਗੁਰੂ ਲਾਧੋ ਰੇ ਤੇ ਬਹੁਤ ਸੰਗਤ ਇਕੱਠੀ ਹੋ ਗਈ। ਕੁੱਝ ਲੋਕਾਂ ਨੇ ਵਿਰੋਧ ਵੀ ਕੀਤਾ, ਪਰ ਸਿੱਖ ਸੰਗਤ ਤੇ ਬਾਬਾ ਮੱਖਣ ਸ਼ਾਹ ਲੁਬਾਣਾ ਨੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਸਾਥ ਦਿੱਤਾ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਜੋਤ ਵੀ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਵਿੱਚ ਸਵੀਕਾਰ ਕੀਤੀ ਗਈ ਤੇ ਸਿੱਖ ਪੰਥ ਹੋਰ ਮਜ਼ਬੂਤ ਹੋ ਗਿਆ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਗੱਦੀ ਸੰਭਾਲਣ ਨਾਲ ਸੱਚਾਈ, ਇੰਨਸਾਫ, ਨਿਮਰਤਾ ਅਤੇ ਗਰੀਬਾ ਦੀ ਰੱਖਿਆ ਦਾ ਸੰਦੇਸ਼ ਹੋਰ ਵੀ ਮਜ਼ਬੂਤ ਤਰੀਕੇ ਨਾਲ ਦੁਨੀਆ ਤੱਕ ਪਹੁੰਚਿਆ।

### ਕਸ਼ਮੀਰੀ ਪੰਡਿਤਾਂ ਦੀ ਬੇਨਤੀ:

ਔਰੰਗਜ਼ੇਬ ਭਾਰਤ ਦਾ ਬਾਦਸ਼ਾਹ ਸੀ। ਉਹ ਚਾਹੁੰਦਾ ਸੀ ਕਿ ਸਾਰੇ ਲੋਕ ਆਪਣਾ ਧਰਮ ਛੱਡ ਕੇ ਉਸਦਾ ਧਰਮ ਕਬੂਲ ਕਰ ਲੈਣ। ਕਈ ਲੋਕ ਡਰ ਨਾਲ ਧਰਮ ਬਦਲਣ ਲੱਗ ਪਏ। ਪਰ ਕਸ਼ਮੀਰ ਦੇ ਕੁੱਝ ਪੰਡਿਤ ਆਪਣੇ ਧਰਮ ਨੂੰ ਨਹੀਂ ਛੱਡਣਾ ਚਾਹੁੰਦੇ ਸਨ। ਉਹ ਪੰਡਿਤ ਸ੍ਰੀ ਗੁਰੂ ਤੇਗ਼ ਬਹਾਦਰ ਜੀ ਕੋਲ ਮਦਦ ਲਈ ਆਏ ਤੇ ਉਹਨਾਂ ਨੇ ਕਿਹਾ "ਜੇ ਤੁਸੀਂ ਸਾਡਾ ਧਰਮ ਬਚਾ ਦਿਉ ਤਾਂ ਸਾਡੇ ਲੱਖਾਂ ਲੋਕ ਬੱਚ ਸਕਦੇ ਹਨ"।

ਭਾਈ ਕ੍ਰਿਪਾ ਰਾਮ ਬੇਟਾ ਅੜੂ ਰਾਮ ਕਾ,

ਪੋਤਾ ਨਰੈਣ ਦਾਸ ਕਾ, ਪੜਪੋਤਾ ਬ੍ਰਹਮਦਾਸ ਕਾ,

ਬੰਸ ਠਾਕੁਰਦਾਸ ਕੀ, ਦੱਤ ਗੋਤ੍ਰ ਬ੍ਰਾਹਮਣ,

ਵਾਸੀ ਮਟਨ ਦੇਸ ਕਸ਼ਮੀਰ, ਸੰਮਤ ਸਤ੍ਰਾਂ ਸੈ ਬਤੀਸ, ਜੇਠ ਮਾਸੋ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਸੁਦੀ ਇਕਾਦਸੀ ਕੇ ਦਿਹੁੰ, ਖੋੜਸ ਬ੍ਰਾਹਮਣੋ ਕੇ ਗੈਲ (ਚੱਕ ਨਾਨਕ)

ਪਰਗਣਾ ਕਹਿਲੂਰ, ਗੁਰੂ ਤੇਗ ਬਹਾਦਰ ਜੀ ਮਹਲ ਨਾਵਾਂ ਕੇ ਦਰਬਾਰ

ਆਇ ਫਰਿਆਦੀ ਹੂਆ। ਗੁਰੂ ਜੀ ਨੇ ਇਨੇ ਧੀਰਜ ਦਈ। ਬਚਨ ਹੋਆ –

ਤੁਸਾਂ ਕੀ ਰੱਖਿਆ ਬਾਬਾ ਨਾਨਕ ਕਰੇਗਾ।[4]

ਗੁਰੂ ਜੀ ਇਸ ਵਾਸਤੇ ਆਪਣੀ ਕੁਰਬਾਨੀ ਦੇਣ ਲਈ ਤਿਆਰ ਹੋ ਗਏ। ਗੁਰੂ ਜੀ ਦਿੱਲੀ ਗਏ ਅਤੇ ਬਾਦਸ਼ਾਹ ਦੇ ਸਾਹਮਣੇ ਸੱਚ ਦਾ ਪੱਖ ਲਿਆਂਦਾ। ਔਰੰਗਜ਼ੇਬ ਉਹਨਾ ਨੂੰ ਧਰਮ ਬਦਲਣ ਲਈ ਕਹਿੰਦਾ ਰਿਹਾ ਪਰ ਗੁਰੂ ਜੀ ਨਹੀਂ ਡਰੇ। ਅੰਤ ਵਿੱਚ ਗੁਰੂ ਜੀ ਨੂੰ ਆਪਣੀ ਜਾਨ ਕੁਰਬਾਨ ਕਰਕੇ ਹਿੰਦੂ ਧਰਮ ਅਤੇ ਧਰਮ ਦੀ ਆਜ਼ਾਦੀ ਨੂੰ ਬਚਾਇਆ। ਗੁਰੂ ਜੀ ਦੁਨੀਆਂ ਦੇ ਇਤਿਹਾਸ ਦੀ ਪਹਿਲੀ ਸ਼ਖ਼ਸੀਅਤ ਬਣੇ, ਜਿੰਨ੍ਹਾਂ ਨੇ ਆਪਣੇ ਧਰਮ ਤੋਂ ਪਰਾਏ ਧਰਮ ਦੀ ਰੱਖਿਆ ਲਈ ਆਪਣੀ ਜਾਨ ਦੇ ਦਿੱਤੀ। ਇਸ ਨਾਲ ਲੱਖਾ ਲੋਕਾਂ ਦਾ ਧਰਮ ਬਚ ਗਿਆ ਅਤੇ ਗੁਰੂ ਜੀ ਨੂੰ ਹਿੰਦ ਦੀ ਚਾਦਰ ਵੀ ਕਿਹਾ ਗਿਆ।

**ਗੁਰੂ ਜੀ ਦੀ ਸ਼ਹਾਦਤ:**

ਗੁਰੂ ਜੀ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ, ਭਾਈ ਉਦੋ ਜੀ ਆਦਿ ਮੁੱਖੀ ਸਿੱਖਾਂ ਨਾਲ ਦਿੱਲੀ ਵੱਲ ਰਵਾਨਾ ਹੋ ਜਾਂਦੇ ਅਤੇ ਰਸਤੇ ਵਿੱਚ ਉਹਨਾਂ ਨੂੰ ਗ੍ਰਿਫਤਾਰ ਕਰ ਲਿਆ ਜਾਂਦਾ ਹੈ। ਕਈ ਦਿਨ ਤਸੀਹੇ ਦਿੱਤੇ ਜਾਂਦੇ ਹਨ। ਸਿੱਖਾਂ ਨੂੰ ਗੁਰੂ ਜੀ ਦੇ ਸਾਹਮਣੇ ਸ਼ਹੀਦ ਕਰ ਦਿੱਤਾ ਜਾਂਦਾ ਹੈ ਤਾਂ ਜੋ ਗੁਰੂ ਜੀ ਡਰ ਕੇ ਆਪਣਾ ਫੈਸਲਾ ਬਦਲ ਦੇਣ ਪਰ ਗੁਰੂ ਜੀ ਅਡੋਲ ਰਹੇ। ਅੰਤ 11 ਨਵੰਬਰ 1675 ਈ. ਵਿੱਚ ਨੂੰ ਚਾਂਦਨੀ ਚੌਂਕ ਦੇ ਵਿੱਚ ਗੁਰੂ ਜੀ ਨੂੰ ਸ਼ਹੀਦ ਕਰਨ ਲਈ ਲਿਆਂਦਾ ਗਿਆ। ਜਿਸ ਦਾ ਜ਼ਿਕਰ ਭੱਟ ਵਹੀ ਵਿੱਚ ਇਸ ਪ੍ਰਕਾਰ ਮਿਲਦਾ ਹੈ:

ਗੁਰੂ ਤੇਗ ਬਹਾਦਰ ਜੀ ਮਹਲਾ ਨਾਵਾਂ, ਬੇਟਾ ਗੁਰੂ ਹਰਿਗੋਬਿੰਦ ਜੀ ਕਾ,

ਤੀਨ ਦਿਵਸ ਸ਼ਾਹੀ ਕਾਜੀ ਕੇ ਹੁਕਮ ਗੈਲ ਕੋਤਵਾਲ ਦਿਲੀ ਨੇ,

ਗੁਰੂ ਜੀ ਕੋ ਘਨਾ ਕਸ਼ਟ ਦੀਆ ਜੋ ਕਥਨ ਸੇ ਬਾਹਰ ਹੈ।

ਤੀਨ ਸਿਖੌਂ ਕੀ ਸ਼ਹਾਦਤ ਦੇ ਬਾਦ, ਗੁਰੂ ਜੀ ਕੋ ਬਰੋਟੇ ਕੇ ਗੈਲ ਚਾਂਦਨੀ ਚੌਂਕ ਮੇ

ਲਾਇ ਬਿਠਾਇਆ। ਸ਼ਾਹੀ ਕਾਜ਼ੀ ਫਿਰ ਬੋਲਾ, (ਯਹ ਆਪ ਕੇ ਲੀਏ ਆਖਰੀ ਸਮਾਂ ਹੈ

ਯਾ ਅਮਤ ਯਾ ਇਸਲਾਮ ਕਬੂਲ ਲੈ; ਵਰਨਾ ਮਰਨੇ ਕੇ ਲੀਏ ਤਿਆਰੀ ਜਲਾਲੁਦੀਨ

ਗੁਰੂ ਜੀ ਨੇ ਸੁਰਤ ਅਕਾਲ ਪੁਰਖ ਵਿਚ ਜੋੜ ਲਈ। ਕੋਤਵਾਲ ਨੇ ਜਲਾਲੁਦੀਨ

ਜਲਾਦ ਕੀ ਤਰਫ ਦੇਖਾ, ਉਸ ਨੇ ਤਲਵਾਰ ਸੇ ਸਿਰ ਧੜ ਸੇ ਜੁਦਾ ਕਰ ਦੀਆ।[5]

**ਸਿੱਖੀ ਦਾ ਮੂਲ ਸੰਦੇਸ਼:**

ਸ੍ਰੀ ਗੁਰੂ ਤੇਗ਼ ਬਹਾਦਰ ਜੀ ਪੰਜਾਬ ਤੇ ਸਿੱਖ ਸੰਗਤ ਲਈ ਇੱਕ ਵੱਡਾ ਸਹਾਰਾ ਬਣੇ। ਉਹਨਾਂ ਨੇ ਪੰਜਾਬ ਦੇ ਲੋਕਾਂ ਨੂੰ ਹਿੰਮਤ, ਵਿਸ਼ਵਾਸ ਤੇ ਏਕਤਾ ਦਾ ਸੰਦੇਸ਼ ਦਿੱਤਾ। ਇਹਨਾਂ ਦਾ ਵਿਅਕਤੀਤਵ ਅਤਿਅੰਤ ਪ੍ਰਭਾਵਸ਼ਾਲੀ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਵਿਅਕਤਿਤਵ ਵਿੱਚ ਸਹਿਣਸ਼ੀਲਤਾ ਅਤੇ ਤਿਆਗ ਦੇ ਗੁਣ ਵਿਦਮਾਨ ਸਨ। ਗੁਰੂ ਜੀ ਨੂੰ ਕਈ ਵਾਰ ਉਨ੍ਹਾਂ ਦੇ ਵਿਰੋਧੀਆਂ ਨੇ ਮਾਰਨ ਦਾ ਨਿਸ਼ਚੇ ਕੀਤਾ। ਇੱਕ ਵੀਰ ਧੀਰਮੱਲ ਨੇ ਗੁਰਗੱਦੀ ਨਾ ਮਿਲਣ ਕਾਰਨ ਗੁਰੂ ਦੇਵ ਉੱਪਰ ਮਸੰਦ ਦੁਆਰਾ ਗੋਲੀਆਂ ਚਲਵਾਈਆਂ, ਜਿਸ ਨਾਲ ਗੁਰੂ ਜੀ ਨੂੰ ਸਾਧਾਰਨ ਸੱਟਾ ਵੱਜੀਆ। ਏਨਾ ਹੀ ਧੀਰਮੱਲ ਨੇ ਗੁਰੂ ਜੀ ਦਾ ਸਮਾਨ ਵੀ ਲੁੱਟਾ ਦਿੱਤਾ ਤੇ ਗੁਰੂ ਦੇਵ ਨੇ ਆਪਣੇ ਸੁਭਾਅ ਅਨੁਸਾਰ ਇਨ੍ਹਾ ਘਟਨਾਵਾਂ ਉੱਪਰ ਰੋਸ ਪ੍ਰਗਟ ਨਹੀਂ ਕੀਤਾ ਬਲਕਿ ਇਨ੍ਹਾਂ ਲੋਕਾ ਨੂੰ ਮੁਆਫ ਕਰ ਦਿੱਤਾ। ਇਨ੍ਹਾ ਦੇ ਬਹੁਮੁੱਖੀ ਅਤੇ ਆਕਰਸ਼ਕ ਵਿਅਕਤਿਤਵ ਤੋਂ ਸਿੱਖ ਤੇਂ ਅਤਿਰਿਕਤ ਹਿੰਦੂ ਅਤੇ ਮੁਸਲਮਾਨ ਵੀ ਬਹੁਤ ਪ੍ਰਭਾਵਿਤ ਸਨ। ਉਹ ਇਨ੍ਹਾਂ ਨੂੰ ਆਪਣਾ ਗੁਰੂ ਮੰਨਦੇ ਸਨ ਅਤੇ "ਸੱਚੇ ਪਾਤਸ਼ਾਹ" ਦੇ ਨਾਮ ਨਾਲ ਸੰਬੋਧਨ ਕਰਦੇ ਸਨ। ਉਹ ਗੁਰੂ ਦੇ ਵਿਅਕਤਿਤਵ ਦਾ ਹੀ ਚਮਤਕਾਰ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਨੇ "ਖ਼ਾਲਸਾ" ਦਾ ਨਿਰਮਾਣ ਕੀਤਾ ਅਤੇ ਅਤਿਆਚਾਰੀ ਮੁਗ਼ਲ ਸਮਰਾਜ ਦੀਆ ਜੜ੍ਹਾਂ ਹਿਲਾ ਦਿੱਤੀਆਂ। ਇਨ੍ਹਾਂ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਅਤੇ ਦੇਸ ਦੇ ਲਈ ਆਪਣਾ ਸਭ ਕੁਝ ਬਲੀਦਾਨ ਕਰ ਦਿੱਤਾ।ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਬਲੀਦਾਨ ਬਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ 'ਬਚਿੱਤ੍ਰ ਨਾਟਕ' ਵਿੱਚ ਲਿਖਦੇ ਹਨ ਕਿ ਗੁਰੂ ਤੇਗ ਬਹਾਦਰ ਜੀ ਨੇ ਤਿਲਕ ਜੰਞੂ ਦੀ ਰੱਖਿਆ ਤੇ ਧਰਮ ਦੀ ਰੱਖਿਆ ਹਿੱਤ ਆਪਣੇ ਅਸੂਲਾਂ ਉਪਰ ਕਾਇਮ ਰਹਿੰਦੇ ਹੋਏ ਆਪਣੇ ਜੀਵਨ ਦਾ ਬਲੀਦਾਨ ਦਿੱਤਾ। ਉਨ੍ਹਾਂ ਕਿਹਾ ਕਿ,

"ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ॥ ਕੀਨੋ ਬਡੋ ਕਲੂ ਮਹਿ ਸਾਕਾ ॥

ਧਰਮ ਹੇਤ ਸਾਕਾ ਜਿਨਿ ਕੀਆ ॥ ਸੀਸ ਦੀਆ ਪਰ ਸਿਰਰੁ ਨ ਦੀਆ ॥"[6]


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਇੱਥੇ ਇਹ ਤੱਥ ਬੇਹੱਦ ਮਹੱਤਵਪੂਰਨ ਤੇ ਵਿਚਾਰਨਯੋਗ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਇਹ ਵਰਤਾਰਾ ਹਰਗਿਜ਼ ਪ੍ਰਵਾਨ ਨਹੀਂ ਸੀ ਕਿ ਕੋਈ ਸ਼ਾਸਕ ਕਿਸੇ ਵੀ ਵਿਅਕਤੀ ਦੇ ਜੀਵਨ ਵਿੱਚ ਦਖਲਅੰਦਾਜ਼ੀ ਦਿੰਦੇ ਹੋਏ ਉਸਨੂੰ ਆਪਣੇ ਧਾਰਮਿਕ ਰਹੁ-ਰੀਤਾਂ ਤੇ ਧਾਰਮਿਕ ਚਿੰਨ੍ਹਾਂ ਨੂੰ ਧਾਰਨ ਕਰਨ ਤੋਂ ਰੋਕੇ। ਇਸ ਨਜ਼ਰੀਏ ਤੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਇਸ ਕਰਕੇ ਵੀ ਵਧੇਰੇ ਮਹੱਤਵਪੂਰਨ ਤੇ ਲਾਸਾਨੀ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਹਰੇਕ ਮਨੁੱਖ ਨੂੰ ਆਪੋ-ਆਪਣੀਆਂ ਧਾਰਮਿਕ ਰਹੁ-ਰੀਤਾਂ ਅਨੁਸਾਰ ਜੀਵਨ ਬਤੀਤ ਕਰਨ ਦੀ ਆਜ਼ਾਦੀ ਦਾ ਨਿੱਘ ਮਾਨਣ ਨੂੰ ਯਕੀਨੀ ਬਣਾਉਣ ਲਈ, ਰਾਜਨੀਤਕ ਅੱਤਿਆਚਾਰ ਦੇ ਵਿਰੋਧ ਵਿੱਚ ਅਤੇ ਵਿਅਕਤੀ ਦੇ ਸਵੈਮਾਣ ਦੀ ਰੱਖਿਆ ਲਈ ਕੁਰਬਾਨੀ ਦਿੱਤੀ ਸੀ।

**ਨਿਸ਼ਕਰਸ਼:**

ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਮਨੁੱਖੀ ਅਧਿਕਾਰਾਂ, ਧਰਮ ਦੇ ਖਾਤਿਰ ਆਜ਼ਾਦੀ ਅਤੇ ਨਿਆਂ ਦੀ ਰੱਖਿਆ ਦਾ ਅਦਵੀਤੀਆ ਉਦਾਹਰਨ ਹੈ। "ਹਿੰਦ ਦੀ ਚਾਦਰ" ਵਜੋਂ ਉਨ੍ਹਾਂ ਨੇ ਸਿਰਫ਼ ਇੱਕ ਕੌਮ ਨਹੀਂ, ਸਗੋਂ ਪੂਰੇ ਦੇਸ਼ ਦੇ ਪੀੜਤ ਅਤੇ ਦੱਬੇ ਹੋਏ ਲੋਕਾਂ ਦੀ ਰੱਖਿਆ ਕੀਤੀ। ਉਨ੍ਹਾਂ ਦਾ ਬਲੀਦਾਨ ਇਸ ਗੱਲ ਦਾ ਪ੍ਰਮਾਣ ਹੈ ਕਿ ਸੱਚ, ਧਰਮ ਅਤੇ ਮਨੁੱਖਤਾ ਦੀ ਸੇਵਾ ਲਈ ਦਿੱਤੀ ਜਾਣ ਵਾਲੀ ਕੁਰਬਾਨੀ ਕਦੇ ਵੀ ਵਿਅਰਥ ਨਹੀਂ ਜਾਂਦੀ। ਗੁਰੂ ਜੀ ਦਾ ਅਟੱਲ ਨਿਸ਼ਚਯ, ਨਿਡਰਤਾ ਅਤੇ ਸਰਵਜਨ ਹਿੱਤ ਲਈ ਸਮਰਪਣ ਅੱਜ ਵੀ ਸਮਾਜ ਲਈ ਪ੍ਰੇਰਣਾ ਦਾ ਸਰੋਤ ਹੈ। ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਨਾ ਸਿਰਫ਼ ਇਤਿਹਾਸਕ ਘਟਨਾ ਹੈ, ਬਲਕਿ ਮੂੱਲਾਂ, ਆਦਰਸ਼ਾਂ ਅਤੇ ਮਨੁੱਖੀ ਅਧਿਕਾਰਾਂ ਦੀ ਸਦੀਵੀ ਰੱਖਿਆ ਦਾ ਜੀਵੰਤ ਸੰਦੇਸ਼ ਵੀ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਸਿੱਖਿਆਵਾਂ ਬੇਹੱਦ ਸਾਰਥਿਕ ਤੇ ਤਰਕਸੰਗਤ ਹਨ ਅਤੇ ਸਮੁੱਚੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਵਿਸ਼ਵ ਵਿਆਪੀ ਸਿੱਖਿਆਵਾਂ ਨੂੰ ਅਮਲੀ ਰੂਪ ਪ੍ਰਦਾਨ ਕਰਦੇ ਹੋਏ ਇੱਕ ਅਜਿਹੇ ਭੈ-ਮੁਕਤ, ਧਰਮ ਨਿਰਪੱਖ ਅਤੇ ਨਿਆਂ ਪਸੰਦ ਸਮਾਜ ਦੀ ਨੀਂਹ ਰੱਖਣੀ ਚਾਹੀਦੀ ਹੈ, ਜਿੱਥੇ ਵਿਅਕਤੀ ਨੂੰ ਸਮਾਜਿਕ, ਧਾਰਮਿਕ ਤੇ ਸਭਿਆਚਾਰਕ ਆਜ਼ਾਦੀ ਦਾ ਨਿੱਘ ਮਾਨਣ ਨੂੰ ਮਿਲ ਸਕੇ ਅਤੇ ਜਿੱਥੇ ਮਨੁੱਖੀ ਅਧਿਕਾਰਾਂ ਦਾ ਸਤਿਕਾਰ ਹੋਵੇ ਤੇ ਵਿਅਕਤੀ ਦੀ ਆਜ਼ਾਦ ਹਸਤੀ ਕਾਇਮ ਰਹਿ ਸਕੇ। ਵਰਤਮਾਨ ਸੰਸਾਰ ਨੂੰ ਨਸਲੀ, ਸਭਿਆਚਾਰਕ ਤੇ ਸਮਾਜਿਕ ਝਗੜਿਆਂ ਅਤੇ ਧਾਰਮਿਕ ਕੱਟੜਵਾਦ ਤੋਂ ਮੁਕਤੀ ਦੁਆਉਣ ਦਾ ਉਦੇਸ਼ ਤਾਂ ਹੀ ਸਹੀ ਅਰਥਾਂ ਵਿੱਚ ਪ੍ਰਾਪਤ ਕੀਤਾ ਜਾ ਸਕਦਾ ਹੈ ਜੇਕਰ ਅਸੀਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦੱਸੇ ਮਾਰਗ ਉਪਰ ਇਕਾਗਰ ਚਿੱਤ ਹੋ ਕੇ ਚੱਲਾਂਗੇ ਅਤੇ ਆਪਣੇ-ਪਰਾਏ ਦੇ ਫ਼ਰਕ ਨੂੰ ਮਿਟਾਉਂਦੇ ਹੋਏ ਸ਼ਾਂਤਮਈ ਪਰਸਪਰ ਸਹਿਹੋਂਦ, ਆਪਸੀ ਸਹਿਯੋਗ ਤੇ ਬਹੁਸਭਿਆਚਾਰਕ ਸਮਾਜ ਦੀ ਸਿਰਜਣਾ ਵੱਲ ਕਦਮ ਵਧਾਵਾਂਗੇ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਇਲਾਹੀ ਸੰਦੇਸ਼ ਦਾ ਨੂਰ ਵਿਸ਼ਵ ਦੇ ਹਰ ਕੋਨੇ ਵਿੱਚ ਫੈਲੇ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਵੱਲੋਂ ਦਰਸਾਏ ਮਾਰਗ ਉੱਪਰ ਚੱਲਦੇ ਹੋਏ ਚਿੰਤਾਵਾਂ ਰਹਿਤ ਭੈਅ ਮੁਕਤ ਸਮਾਜ ਦੀ ਸਿਰਜਣਾ ਲਈ ਜੀਉ ਅਤੇ ਜਿਊਣ ਦੇ ਸਿਧਾਂਤ ਨੂੰ ਅਪਣਾਉਂਦੇ ਉਸ ਭਾਰਤੀ ਸੰਸਕ੍ਰਿਤੀ ਦੇ ਉਸ ਸੁਨਹਿਰੀ ਯੁੱਗ ਨੂੰ ਫਿਰ ਤੋਂ ਕਾਇਮ ਕਰੀਏ ਜਿਸ ਵਿੱਚ ਇਕ ਦੂਜੇ ਨਾਲ ਸੰਵਾਦ ਤੇ ਇੱਕ ਦੂਜੇ ਦੇ ਪ੍ਰਤੀ ਸਤਿਕਾਰ ਦੀ ਭਾਵਨਾ ਨੂੰ ਵਧਾਵਾ ਮਿਲ ਸਕੇ।

**ਹਵਾਲੇ:**

1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੧੪੨੭
2. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੧੪੨੬
3. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੧੪੨੬
4. ਭਟ ਵਹੀ ਮੁਲਤਾਨੀ ਸਿੰਧੀ
5. ਭਟ ਵਹੀ ਤਲਾਉੱਖਾ, ਪਰਗਣਾ ਜੀਂਦ
6. ਭਟ ਵਹੀ ਤਲਾਉੱਖਾ, ਪਰਗਣਾ ਜੀਂਦ


© Copyright @ Authors